Kirklees COUNCIL

Coronavirus COVID-19

# ਸਕੂਲ ਜਾਣ ਵਾਲੇ ਬੱਚੇ ਦੇ ਇਕਾਂਤਵਾਸ ਬਾਰੇ ਮਾਪਿਆਂ ਅਤੇ ਕੇਅਰਰਜ਼ ਵਾਸਤੇ ਜਾਣਕਾਰੀ

**ਇਹ ਸਾਰੇ ਦ੍ਰਿਸ਼ ਭਾਵ ਹਾਲਾਤ ਮਾਪਿਆਂ ਅਤੇ ਕੇਅਰਰਜ਼ ਦੇ ਨਾਲ ਨਾਲ ਹਰ ਉਸ ਵਿਅਕਤੀ ’ਤੇ ਲਾਗੂ ਹੁੰਦੇ ਹਨ, ਅਤੇ ਉਨ੍ਹਾਂ ਨੂੰ ਇਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜੋ ਤੁਹਾਡੇ ਬੱਚੇ ਦੀ ਦੇਖਭਾਲ ਕਰਦੇ ਹਨ ਜਿਵੇਂ ਗਰੈਂਡਪੇਰੈਂਟਸ ਅਤੇ ਹੋਰ ਰਿਸ਼ਤੇਦਾਰ ਅਤੇ ਦੋਸਤ।**

**ਢੁੱਕਵੇਂ ਦ੍ਰਿਸ਼ ’ਤੇ ਕਲਿਕ ਕਰਕੇ ਪਤਾ ਕਰੋ ਕਿ ‘ਜੇਕਰ ਅਜਿਹਾ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ’ ...**

- **ਦ੍ਰਿਸ਼ 1:**
- **ਘਰ ਵਿਖੇ ਤੁਹਾਡੇ ਬੱਚੇ ਵਿਚ ਲੱਛਣ ਦਿਖਾਈ ਦੇਣ ਲੱਗੇ ਹਨ**
- **ਦ੍ਰਿਸ਼ 2:**
- **ਤੁਹਾਡੇ ਬੱਚੇ ਦੇ ਘਰ ਵਿਚ ਕਿਸੇ ਵਿਅਕਤੀ ਵਿਚ ਲੱਛਣ ਦਿਖਾਈ ਦੇਣ ਲੱਗੇ ਹਨ**
- **ਦ੍ਰਿਸ਼ 3:**
- **ਸਕੂਲ ਵਿਖੇ ਤੁਹਾਡੇ ਬੱਚੇ ਵਿਚ ਲੱਛਣ ਦਿਖਾਈ ਦੇਣ ਲੱਗੇ ਹਨ***
- **ਦ੍ਰਿਸ਼ 4:**
- **ਤੁਹਾਡੇ ਬੱਚੇ ਦੇ ਸਕੂਲ ‘ਬਬਲ’ ਵਿਚ ਕਿਸੇ ਬੱਚੇ ਵਿਚ ਲੱਛਣ ਦਿਖਾਈ ਦੇਣ ਕਾਰਨ ਉਸਨੂੰ ਘਰ ਜਾਂ ਸਵੈ-ਇਕਾਂਤਵਾਸ ਵਿਚ ਭੇਜਿਆ ਗਿਆ ਹੈ**
- **ਦ੍ਰਿਸ਼ 5:**
- **ਤੁਹਾਡਾ ਬੱਚਾ ਕਿਸੇ ਅਜਿਹੇ ਵਿਅਕਤੀ ਦੇ ਨਜ਼ਦੀਕ ਰਿਹਾ ਹੈ ਜਿਸ ਵਿਚ ਲੱਛਣ ਪਾਏ ਗਏ ਹਨ**

---

ਇਹ ਲੱਛਣ ਸ਼ਾਮਲ ਹਨ:



**ਤੇਜ਼ ਬੁਖਾਰ**
ਇਸਦਾ ਅਰਥ ਹੈ ਕਿ ਤੁਹਾਡੀ ਛਾਤੀ ਜਾਂ ਪਿੱਠ ਹੱਥ ਲਗਾਉਣ ਨਾਲ ਗਰਮ ਲੱਗਦੀ ਹੈ (ਤੁਹਾਨੂੰ ਆਪਣਾ ਤਾਪਮਾਨ ਚੈੱਕ ਕਰਨ ਦੀ ਲੋੜ ਨਹੀਂ, ਭਾਵੇਂ ਕਿ ਜੇਕਰ ਤੁਸੀਂ ਚੈੱਕ ਕਰਦੇ ਹੋ ਤਾਂ ਇਹ 37.8° ਸੈਲਸੀਅਸ ਜਾਂ ਇਸਤੋਂ ਵੱਧ ਹੋਵੇਗਾ।



**ਨਵੀਂ, ਲਗਾਤਾਰ ਆ ਰਹੀ ਖੰਘ**
ਇਸਦਾ ਅਰਥ ਹੈਘੰਟੇ ਤੋਂ ਵੱਧ ਸਮੇਂ ਲਈ ਖੰਘ ਆਉਣੀ, ਜਾਂ 24 ਘੰਟਿਆਂ ਵਿਚ 3 ਜਾਂ ਇਸਤੋਂ ਵੱਧ ਵਾਰ ਖੰਘ ਛਿੜਨੀ (ਜੇਕਰ ਤੁਹਾਨੂੰ ਆਮ ਕਰਕੇ ਖੰਘ ਆਉਂਦੀ ਹੈ ਤਾਂ, ਇਹ ਆਮ ਨਾਲੋਂ ਵੱਧ ਹੋਵੇਗੀ)



**ਤੁਹਾਡੀ ਸੁੰਘਣ ਸ਼ਕਤੀ ਜਾਂ ਸਵਾਦ ਖਤਮ ਹੋਣਾ ਜਾਂ ਬਦਲ ਜਾਣਾ**
ਇਸਦਾ ਅਰਥ ਹੈ ਕਿ ਤੁਸੀਂ ਦੇਖਦੇ ਹੋ ਕਿ ਤੁਹਾਨੂੰ ਕੋਈ ਮਹਿਕ ਜਾਂ ਸਵਾਦ ਨਹੀਂ ਆ ਰਿਹਾ, ਜਾਂ ਚੀਜ਼ਾਂ ਦੀ ਮਹਿਕ ਅਤੇ ਸਵਾਦ ਆਮ ਨਾਲੋਂ ਵੱਖਰੀ ਕਿਸਮ ਦੇ ਆ ਰਹੇ ਹਨ।

## ✗ ਕੋਵਿਡ ਨਹੀਂ ਲੱਛਣ:

**ਵਗਦਾ/ਬੰਦ ਨੱਕ, ਗ.ਲਾ ਪੱਕਣਾ** ਅਤੇ/ ਜਾਂ **ਸਿਰਦਰਦ**
ਇਹ ਲੱਛਣ ਆਮ ਕਰਕੇ ਸਾਧਾਰਣ ਜ਼ੁਕਾਮ ਦੇ ਮੰਨੇ ਜਾਂਦੇ ਹਨ।ਲੇਕਿਨ, ਜੇਕਰ ਉੱਪਰ ਦਰਸਾਏ ਗਏ ਕੋਰੋਨਾਵਾਇਰਸ ਦੇ ਕਿਸੇ ਲੱਛਣ ਦੇ ਨਾਲ ਇਨ੍ਹਾਂ ਵਿਚੋਂ ਕੋਈ ਲੱਛਣ  ਦਿਖਾਈ ਦਿੰਦਾ ਹੈ ਤਾਂ ਤੁਹਾਨੂੰ ਜ਼ਰੂਰ ਟੈਸਟ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

## £ ਟੈਸਟ ਐਂਡ ਟਰੇਸ ਸਪੋਰਟ ਭੁਗਤਾਨ

ਜੇਕਰ ਤੁਹਾਨੂੰ ਐੱਨ ਐੱਚ ਐੱਸ ਟੈਸਟ ਐਂਡ ਟਰੇਸ ਵਲੋਂ ਇਕਾਂਤਵਾਸ ਹੋਣ ਬਾਰੇ ਕਿਹਾ ਗਿਆ ਹੈ ਅਤੇ ਤੁਸੀਂ ਘਰ ਤੋਂ ਕੰਮ ਨਹੀਂ ਕਰ ਸਕਦੇ ਅਤੇ ਤੁਹਾਨੂੰ ਕੋਈ ਬੈਨੀਫਿਟ ਮਿਲ ਰਹੇ ਹਨ ਤਾਂ ਤੁਸੀਂ ਸਹਾਇਤਾ ਲੈਣ ਦੇ ਹੱਕਦਾਰ ਹੋ ਸਕਦੇ ਹੋ।

ਵਧੇਰੇ ਜਾਣਕਾਰੀ ਲਈ ਦੇਖੋ:
**www.kirklees.gov.uk/covid19supportpayment**

*ਕ੍ਰਿਪਾ ਕਰਕੇ ਇਸ ਗੱਲ ਦੀ ਤਸੱਲੀ ਰੱਖੋ ਕਿ ਮਾਪੇ ਜਾਂ ਕੇਅਰਰ ਦੀ ਇਜਾਜ਼ਤ ਤੋਂ ਬਗੈਰ ਅਧਿਆਪਕ ਬੱਚਿਆਂ ਨੂੰ ਕੋਰੋਨਾਵਾਇਰਸ ਟੈਸਟਿੰਗ ਸਾਈਟ ਵਿਖੇ ਨਹੀਂ ਲਿਜਾ ਸਕਦਾ। ਅਤੇ ਜੇਕਰ ਬੱਚੇ ਦਾ ਟੈਸਟ ਪਾਜ਼ੇਟਿਵ ਆਉਂਦਾ ਹੈ ਤਾਂ ਕਿਸੇ ਵੀ ਹਾਲਤ ਵਿਚ ਮਾਪੇ ਤੱਕ ਪਹੁੰਚ ਕਰਨ ਤੋਂ ਬਗੈਰ ਬੱਚਿਆਂ ਨੂੰ ਰੋਕਿਆ ਨਹੀਂ ਜਾਵੇਗਾ।

# ਜੇਕਰ ਤੁਹਾਡੇ ਬੱਚੇ ਵਿਚ ਲੱਛਣ ਦਿਖਾਈ ਦਿੰਦੇ ਹਨ ਤਾਂ ਕੀ ਕਰਨਾ ਚਾਹੀਦਾ ਹੈ

**ਆਪਣੇ ਬੱਚੇ ਨੂੰ ਸਕੂਲ ਨਾ ਭੇਜੋ**

↓

ਆਪਣੇ ਪਰਿਵਾਰ ਨੂੰ ਇਕਾਂਤਵਾਸ ਕਰ ਲਓ
ਇਸ ਵਿਚ ਇਕ ਮਾਪੇ/ਕੇਅਰਰ ਵਜੋਂ ਤੁਸੀਂ, ਹੋਰ ਬੱਚੇ ਜਾਂ
ਤੁਹਾਡੇ ਘਰ ਵਿਚ ਰਹਿੰਦਾ ਕੋਈ ਵੀ ਹੋਰ ਵਿਅਕਤੀ ਸ਼ਾਮਲ ਹੈ।

↓

ਆਪਣੇ ਬੱਚੇ ਦਾ ਟੈਸਟ ਕਰਵਾਉਣ ਲਈ 119 ’ਤੇ ਟੈਲੀਫੋਨ ਕਰੋ ਜਾਂ
ਇਸ ਵੈੱਬਸਾਈਟ ’ਤੇ ਜਾਓ: www.nhs.uk/coronavirus

**−**

**ਟੈਸਟ ਨਤੀਜਾ ਨੈਗੇਟਿਵ**

ਪਰਿਵਾਰ ਤੁਰੰਤ ਇਕਾਂਤਵਾਸ ਖ਼ਤਮ ਕਰ ਸਕਦਾ ਹੈ
ਤੁਹਾਡਾ ਬੱਚਾ ਸਕੂਲ ਜਾ ਸਕਦਾ ਹੈ

**+**

**ਟੈਸਟ ਨਤੀਜਾ ਪਾਜ਼ੇਟਿਵ**

ਪਰਿਵਾਰ ਅਤੇ ਤੁਹਾਡੇ ਬੱਚੇ ਲਈ ਇਕਾਂਤਵਾਸ ਰਹਿਣਾ ਜ਼ਰੂਰੀ ਹੈ।

ਬਿਮਾਰ ਬੱਚਾ =10 ਦਿਨ

ਹੋਰ ਵਿਅਕਤੀ =14 ਦਿਨ

ਲੱਛਣ ਸ਼ੁਰੂ ਹੋਣ ਵਾਲੇ ਦਿਨ ਤੋਂ

**ਬੁਖਾਰ ਨਹੀਂ ਚੜ੍ਹਿਆ**

ਤੁਹਾਡਾ ਬੱਚਾ ਇਕਾਂਤਵਾਸ ਖ਼ਤਮ ਕਰਕੇ ਸਕੂਲ ਜਾ ਸਕਦਾ ਹੈ। ਕ੍ਰਿਪਾ ਕਰਕੇ ਨੋਟ ਕਰੋ ਕਿ ਜਿਤਨਾ ਚਿਰ ਤੁਹਾਡਾ 14 ਦਿਨ ਦਾ ਇਕਾਂਤਵਾਸ ਖ਼ਤਮ ਨਹੀਂ ਹੋ ਜਾਂਦਾ, ਉਤਨੀ ਦੇਰ ਤੁਸੀਂ, ਜਾਂ ਤੁਹਾਡੇ ਘਰ ਵਿਚ ਰਹਿਣ ਵਾਲਾ ਕੋਈ ਹੋਰ ਵਿਅਕਤੀ, ਬੱਚੇ ਨੂੰ ਸਕੂਲ ਛੱਡਣ ਨਹੀਂ ਜਾ ਸਕਦਾ।

ਇਕਾਂਤਵਾਸ ਦਾ ਸਮਾਂ ਬੀਤਣ ਤੋਂ ਬਾਅਦ ਤੇਜ਼ ਬੁਖਾਰ ਜੇਕਰ ਇਕਾਂਤਵਾਸ ਦੇ 10 ਦਿਨ ਬੀਤਣ ਤੋਂ ਬਾਅਦ ਵੀ ਤੁਹਾਡੇ ਬੱਚੇ ਨੂੰ ਤੇਜ਼ ਬੁਖਾਰ ਹੈ, ਤਾਂ ਉਸਨੂੰ ਸਕੂਲ ਨਾ ਭੇਜੋ, 111 ’ਤੇ ਟੈਲੀਫੋਨ ਕਰੋ ਜਾਂ ਹੋਰ ਸਲਾਹ ਲੈਣ ਲਈ ਵੈੱਬਸਾਈਟ ਦੇਖੋ www.nhs.uk/coronavirus

# ਜੇਕਰ ਤੁਹਾਡੇ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਵਿਚ ਲੱਛਣ ਦਿਖਾਈ ਦਿੰਦੇ ਹਨ ਤਾਂ ਕੀ ਕਰਨਾ ਚਾਹੀਦਾ ਹੈ

**ਆਪਣੇ ਬੱਚੇ ਨੂੰ ਸਕੂਲ ਨਾ ਭੇਜੋ**

**ਆਪਣੇ ਪੂਰੇ ਪਰਿਵਾਰ ਨੂੰ ਇਕਾਂਤਵਾਸ ਕਰ ਲਓ**

ਲੱਛਣ ਵਾਲੇ ਵਿਅਕਤੀ ਦਾ ਟੈਸਟ ਕਰਵਾਉਣ ਲਈ 119 'ਤੇ ਟੈਲੀਫੋਨ ਕਰੋ ਜਾਂ ਇਸ ਵੈੱਬਸਾਈਟ 'ਤੇ ਜਾਓ:www.nhs.uk/coronavirus

**ਟੈਸਟ ਨਤੀਜਾ ਨੈਗੇਟਿਵ**

ਪਰਿਵਾਰ ਤੁਰੰਤ ਇਕਾਂਤਵਾਸ ਖ਼ਤਮ ਕਰ ਸਕਦਾ ਹੈ ਤੁਹਾਡਾ ਬੱਚਾ ਸਕੂਲ ਜਾ ਸਕਦਾ ਹੈ

**ਟੈਸਟ ਨਤੀਜਾ ਪਾਜ਼ੇਟਿਵ**

ਤੁਹਾਡੇ ਪਰਿਵਾਰ ਲਈ ਇਕਾਂਤਵਾਸ ਰਹਿਣਾ ਜ਼ਰੂਰੀ ਹੈ।

ਬਿਮਾਰ ਵਿਅਕਤੀ =10 ਦਿਨ

ਬਾਕੀ ਸਾਰੇ ਵਿਅਕਤੀ =14 ਦਿਨ

ਲੱਛਣ ਸ਼ੁਰੂ ਹੋਣ ਵਾਲੇ ਦਿਨ ਤੋਂ

ਇਕਾਂਤਵਾਸ ਦਾ ਸਮਾਂ ਲੰਘਣ ਤੋਂ ਬਾਅਦ ਕੋਈ ਲੱਛਣ ਨਹੀਂ ਜੇਕਰ ਇਕਾਂਤਵਾਸ ਦੇ 14 ਦਿਨ ਤੁਹਾਡੇ ਬੱਚੇ ਵਿਚ ਕੋਈ ਲੱਛਣ ਦਿਖਾਈ ਨਹੀਂ ਦਿੰਦਾ ਤਾਂ, 15ਵੇਂ ਦਿਨ ਉਹ ਸਕੂਲ ਜਾ ਸਕਦਾ ਹੈ।

**ਇਕਾਂਤਵਾਸ ਦੇ ਸਮੇਂ ਦੌਰਾਨ ਲੱਛਣ**

ਜੇਕਰ ਇਕਾਂਤਵਾਸ ਦੇ 14 ਦਿਨ ਦੌਰਾਨ ਤੁਹਾਡੇ ਬੱਚੇ ਵਿਚ ਲੱਛਣ ਦਿਖਾਈ ਦਿੰਦੇ ਹਨ ਤਾਂ ਕ੍ਰਿਪਾ ਕਰਕੇ ਦ੍ਰਿਸ਼ 1'ਤੇ ਜਾਓ।

ਦ੍ਰਿਸ਼ 3

# ਜੇਕਰ ਸਕੂਲ ਵਿਖੇ ਤੁਹਾਡੇ ਬੱਚੇ ਵਿਚ ਲੱਛਣ ਦਿਖਾਈ ਦਿੰਦੇ ਹਨ ਤਾਂ ਕੀ ਕਰਨਾ ਚਾਹੀਦਾ ਹੈ

## ਬੱਚੇ ਨੂੰ ਤੁਰੰਤ ਸਕੂਲ ਵਿਚੋਂ ਲੈ ਆਓ

ਤੁਹਾਡੇ ਬੱਚੇ ਨੂੰ ਬਾਕੀ ਦੇ ਸਕੂਲ ਬਬਲ ਤੋਂ ਅਲਹਿਦਾ ਕਰ ਦਿੱਤਾ ਜਾਵੇਗਾ, ਤੁਹਾਨੂੰ ਸੂਚਿਤ ਕਰਕੇ ਕਿਹਾ ਜਾਵੇਗਾ ਕਿ ਆਪਣੇ ਬੱਚੇ ਨੂੰ ਜਿਤਨੀ ਜਲਦੀ ਹੋ ਸਕੇ ਸਕੂਲ ਤੋਂ ਲੈ ਜਾਓ।

ਆਪਣੇ ਪਰਿਵਾਰ ਨੂੰ ਇਕਾਂਤਵਾਸ ਕਰ ਲਓ

ਇਸ ਵਿਚ ਇਕ ਮਾਪੇ/ਕੇਅਰਰ ਵਜੋਂ ਤੁਸੀਂ, ਹੋਰ ਬੱਚੇ ਜਾਂ ਤੁਹਾਡੇ ਘਰ ਵਿਚ ਰਹਿੰਦਾ ਕੋਈ ਵੀ ਹੋਰ ਵਿਅਕਤੀ ਸ਼ਾਮਲ ਹੈ।

ਆਪਣੇ ਬੱਚੇ ਦਾ ਟੈਸਟ ਕਰਵਾਉਣ ਲਈ 119 ’ਤੇ ਟੈਲੀਫੋਨ ਕਰੋ ਜਾਂ ਇਸ ਵੈੱਬਸਾਈਟ ’ਤੇ ਜਾਓ:www.nhs.uk/coronavirus

## ਟੈਸਟ ਨਤੀਜਾ ਨੈਗੇਟਿਵ

ਪਰਿਵਾਰ ਤੁਰੰਤ ਇਕਾਂਤਵਾਸ ਖ਼ਤਮ ਕਰ ਸਕਦਾ ਹੈ

ਤੁਹਾਡਾ ਬੱਚਾ ਸਕੂਲ ਜਾ ਸਕਦਾ ਹੈ

## ਟੈਸਟ ਨਤੀਜਾ ਪਾਜ਼ੇਟਿਵ

ਪਰਿਵਾਰ ਅਤੇ ਤੁਹਾਡੇ ਬੱਚੇ ਲਈ ਇਕਾਂਤਵਾਸ ਜਾਰੀ ਰੱਖਣਾ ਜ਼ਰੂਰੀ ਹੈ।

ਬਿਮਾਰ ਬੱਚਾ =10 ਦਿਨ

ਹੋਰ ਹਰ ਵਿਅਕਤੀ =14 ਦਿਨ

ਲੱਛਣ ਸ਼ੁਰੂ ਹੋਣ ਵਾਲੇ ਦਿਨ ਤੋਂ

### ਬੁਖਾਰ ਨਹੀਂ ਚੜ੍ਹਿਆ

ਤੁਹਾਡਾ ਬੱਚਾ ਇਕਾਂਤਵਾਸ ਖ਼ਤਮ ਕਰਕੇ ਸਕੂਲ ਜਾ ਸਕਦਾ ਹੈ। ਕ੍ਰਿਪਾ ਕਰਕੇ ਨੋਟ ਕਰੋ ਕਿ ਜਿਤਨਾ ਚਿਰ ਤੁਹਾਡਾ 14 ਦਿਨ ਦਾ ਇਕਾਂਤਵਾਸ ਖ਼ਤਮ ਨਹੀਂ ਹੋ ਜਾਂਦਾ, ਉਤਨੀ ਦੇਰ ਤੁਸੀਂ, ਜਾਂ ਤੁਹਾਡੇ ਘਰ ਵਿਚ ਰਹਿਣ ਵਾਲਾ ਕੋਈ ਹੋਰ ਵਿਅਕਤੀ, ਬੱਚੇ ਨੂੰ ਸਕੂਲ ਛੱਡਣ ਨਹੀਂ ਜਾ ਸਕਦਾ।

### ਇਕਾਂਤਵਾਸ ਦਾ ਸਮਾਂ ਬੀਤਣ ਤੋਂ ਬਾਅਦ ਤੇਜ਼ ਬੁਖਾਰ

ਜੇਕਰ ਇਕਾਂਤਵਾਸ ਦੇ 10 ਦਿਨ ਬੀਤਣ ਤੋਂ ਬਾਅਦ ਵੀ ਤੁਹਾਡੇ ਬੱਚੇ ਨੂੰ ਤੇਜ਼ ਬੁਖਾਰ ਹੈ, ਤਾਂ ਉਸਨੂੰ ਸਕੂਲ ਨਾ ਭੇਜੋ, 111 ’ਤੇ ਟੈਲੀਫੋਨ ਕਰੋ ਜਾਂ ਹੋਰ ਸਲਾਹ ਲੈਣ ਲਈ ਵੈੱਬਸਾਈਟ ਦੇਖੋ:

www.nhs.uk/coronavirus

ਕ੍ਰਿਪਾ ਕਰਕੇ ਇਸ ਗੱਲ ਦੀ ਤਸੱਲੀ ਰੱਖੋ ਕਿ ਮਾਪੇ ਜਾਂ ਕੇਅਰਰ ਦੀ ਇਜਾਜ਼ਤ ਤੋਂ ਬਗੈਰ ਅਧਿਆਪਕ ਬੱਚਿਆਂ ਨੂੰ ਕੋਰੋਨਾਵਾਇਰਸ ਟੈਸਟਿੰਗ ਸਾਈਟ ਵਿਖੇ ਨਹੀਂ ਲਿਜਾ ਸਕਦੇ। ਅਤੇ ਜੇਕਰ ਬੱਚੇ ਦਾ ਟੈਸਟ ਪਾਜ਼ੇਟਿਵ ਆਉਂਦਾ ਹੈ ਤਾਂ ਕਿਸੇ ਵੀ ਹਾਲਤ ਵਿਚ ਮਾਪੇ ਤੱਕ ਪਹੁੰਚ ਕਰਨ ਤੋਂ ਬਗੈਰ ਬੱਚਿਆਂ ਨੂੰ ਰੋਕਿਆ ਨਹੀਂ ਜਾਵੇਗਾ।

ਦ੍ਰਿਸ਼ 4

# ਜੇਕਰ ਮੇਰੇ ਬੱਚੇ ਦੇ ਸਕੂਲ 'ਬਬਲ' ਵਿਚ ਕਿਸੇ ਬੱਚੇ ਵਿਚ ਲੱਛਣ ਦਿਖਾਈ ਦੇਣ ਕਾਰਨ ਉਸਨੂੰ ਘਰ ਜਾਂ ਸਵੈ-ਇਕਾਂਤਵਾਸ ਵਿਚ ਭੇਜਿਆ ਗਿਆ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ?

## ਆਮ ਵਾਂਗ ਜਾਰੀ ਰੱਖੋ

ਬਸ਼ਰਤੇ ਕਿ ਤੁਹਾਡਾ ਸਕੂਲ ਕੋਈ ਹੋਰ ਹਿਦਾਇਤ ਦੇਵੇ
ਲੱਛਣ ਵਾਲੇ ਬੱਚੇ ਨੂੰ ਲੱਛਣ ਪ੍ਰਗਟ ਹੋਣ ਵਾਲੇ ਦਿਨ ਤੋਂ 10 ਦਿਨ ਅਤੇ ਉਸਦੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ 14 ਦਿਨ ਇਕਾਂਤਵਾਸ ਰਹਿਣ ਦੀ ਸਲਾਹ ਦਿੱਤੀ ਜਾਵੇਗੀ
ਉਨ੍ਹਾਂ ਨੂੰ ਟੈਸਟ ਕਰਵਾਉਣ ਲਈ ਕਿਹਾ ਜਾਵੇਗਾ।

**ਟੈਸਟ ਨਤੀਜਾ ਨੈਗੇਟਿਵ**

ਬੱਚੇ ਦਾ ਪਰਿਵਾਰ ਤੁਰੰਤ ਇਕਾਂਤਵਾਸ ਖ਼ਤਮ ਕਰਦਾ ਹੈ ਅਤੇ ਬੱਚਾ ਸਕੂਲ ਜਾ ਸਕਦਾ ਹੈ

**ਟੈਸਟ ਨਤੀਜਾ ਪਾਜ਼ੇਟਿਵ**

ਜੇਕਰ ਬੱਚੇ ਦਾ ਟੈਸਟ ਪਾਜ਼ੇਟਿਵ ਆਉਂਦਾ ਹੈ, ਤਾਂ ਕਨਫਰਮਡ ਕੇਸ ਦੇ ਨਾਲ ਸਿੱਧਾ ਲੰਬਾ ਸਮਾਂ ਸੰਪਰਕ ਵਿਚ ਰਹਿਣ ਵਾਲੇ ਕਿਸੇ ਵੀ ਬੱਚੇ ਨੂੰ ਉਸਦੇ ਸਕੂਲ ਵਲੋਂ 14 ਦਿਨ ਵਾਸਤੇ ਸਵੈ-ਇਕਾਂਤਵਾਸ ਰਹਿਣ ਵਾਸਤੇ ਚਿੱਠੀ ਭੇਜੀ ਜਾਵੇਗੀ।
ਤੁਹਾਡੇ ਬਾਕੀ ਦੇ ਪਰਿਵਾਰ ਵਿਚ ਜੇਕਰ ਲੱਛਣ ਦਿਖਾਈ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ ਸਵੈ-ਇਕਾਂਤਵਾਸ ਹੋਣ ਦੀ ਲੋੜ ਨਹੀਂ ਹੈ।

**ਜੇਕਰ ਤੁਹਾਡੇ ਬੱਚੇ ਵਿਚ ਲੱਛਣ ਦਿਖਾਈ ਦਿੰਦੇ ਹਨ ਤਾਂ ਉਸਦਾ ਟੈਸਟ ਕਰਵਾਓ:**

**ਨੈਗੇਟਿਵ**
**14 ਦਿਨ ਦਾ ਇਕਾਂਤਵਾਸ ਪੂਰਾ ਕਰੋ।**

ਪਾਜ਼ੇਟਿਵ
10 ਦਿਨ ਦਾ ਇਕਾਂਤਵਾਸ ਸ਼ੁਰੂ ਕਰੋ ਅਤੇ ਸਾਰਾ ਪਰਿਵਾਰ 14 ਦਿਨ ਲਈ ਸਵੈ-ਇਕਾਂਤਵਾਸ ਵਿਚ ਰਹੇ।

# ਜੇਕਰ ਤੁਹਾਡਾ ਬੱਚਾ ਕਿਸੇ ਅਜਿਹੇ ਵਿਅਕਤੀ ਦੇ ਨਜ਼ਦੀਕ ਰਿਹਾ ਹੈ ਜਿਸ ਵਿਚ ਲੱਛਣ ਪਾਏ ਗਏ ਹਨ ਤਾਂ ਕੀ ਕਰਨਾ ਚਾਹੀਦਾ ਹੈ

**ਕੀ ਲੱਛਣਾਂ ਵਾਲਾ ਵਿਅਕਤੀ ਤੁਹਾਡੇ ਨਾਲ ਰਹਿੰਦਾ ਹੈ ਜਾਂ ਤੁਹਾਡੇ ਬੱਚੇ ਦੇ ਸਕੂਲ ਵਿਖੇ ਜਾਂਦਾ**

## ਨਹੀਂ

**ਤੁਹਾਡੇ ਬੱਚੇ ਨੂੰ ਸਵੈ-ਇਕਾਂਤਵਾਸ ਹੋਣ ਦੀ ਲੋੜ ਨਹੀਂ**

ਲੇਕਿਨ, ਜੇਕਰ ਐੱਨ ਐੱਚ ਐੱਸ ਟੈਸਟ ਐਂਡ ਟਰੇਸ ਵਲੋਂ ਤੁਹਾਡੇ ਬੱਚੇ ਜਾਂ ਤੁਹਾਡੇ ਬਾਰੇ ਸੰਪਰਕ ਕੀਤਾ ਗਿਆ ਹੈ ਤਾਂ ਤੁਹਾਨੂੰ ਉਨ੍ਹਾਂ ਦੀਆਂ ਹਿਦਾਇਤਾਂ ਦੀ ਪਾਲਣਾ ਕਰਦੇ ਹੋਏ ਜ਼ਰੂਰ ਸਵੈ-ਇਕਾਂਤਵਾਸ ਹੋ ਜਾਣਾ ਚਾਹੀਦਾ ਹੈ।

ਜੇਕਰ ਨਜ਼ਦੀਕ ਰਹਿਣ ਕਾਰਨ ਤੁਹਾਡੇ ਬੱਚੇ ਵਿਚ ਲੱਛਣ ਦਿਖਾਈ ਦੇਣ ਤਾਂ ਤੁਹਾਡੇ ਪਰਿਵਾਰ ਨੂੰ ਤੁਰੰਤ ਸਵੈ-ਇਕਾਂਤਵਾਸ ਹੋ ਜਾਣਾ ਚਾਹੀਦਾ ਹੈ। ਦੇਖੋ ਦ੍ਰਿਸ਼ 1

## ਹਾਂ

**ਨਾਲ ਰਹਿੰਦਾ ਹੈ**
ਦੇਖੋ ਦ੍ਰਿਸ਼ 2

**ਸਕੂਲ**
ਦੇਖੋ ਦ੍ਰਿਸ਼ 4